# ਪੇਟ ਦੀ ਐਓਰਟਿਕ ਐਨਿਉਰਿਜ਼ਮ (AAA) ਲਈ NHS ਸਕ੍ਰੀਨਿੰਗ

## ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ

(ਜਿਸਨੂੰ ਕਈ ਵਾਰ ਨਿੱਜੀ ਡੇਟਾ ਵੀ ਕਿਹਾ ਜਾਂਦਾ ਹੈ)

ਤੁਹਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਤੁਸੀਂ ਅਸੀਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਦੇ ਹਾਂ। ਕਿਰਪਾ ਕਰਕੇ ਇਹ ਕਾਰਡ ਪੜ੍ਹੋ ਅਤੇ ਜੇਕਰ ਤੁਹਾਡੇ ਕੋਈ ਸਵਾਲ ਜਾਂ ਚਿੰਤਾਵਾਂ ਹਨ ਤਾਂ ਸਾਨੂੰ ਤੁਰੰਤ ਦੱਸੋ।

ਕਿਉਂਕਿ ਤੁਸੀਂ ਇੱਕ GP (ਜਨਰਲ ਪ੍ਰੈਕਟੀਸ਼ਨਰ) ਨਾਲ ਰਜਿਸਟਰਡ ਹੋ, ਤੁਸੀਂ ਇੰਗਲੈਂਡ ਵਿੱਚ NHS (ਨੈਸ਼ਨਲ ਹੈਲਥ ਸਰਵਿਸ) ਪ੍ਰੋਗਰਾਮ ਦੇ ਹਿੱਸੇ ਵਜੋਂ ਪੇਟ ਦੀ ਐਓਰਟਿਕ ਐਨਿਉਰਿਜ਼ਮ (AAA) ਸਕ੍ਰੀਨਿੰਗ ਦੇ ਹੱਕਦਾਰ ਹੋ। ਇਸ ਵਿੱਚ ਭਵਿੱਖ ਵਿੱਚ ਹੋਰ ਸਕ੍ਰੀਨਿੰਗ ਲਈ ਤੁਹਾਡੇ ਨਾਲ ਦੁਬਾਰਾ ਸੰਪਰਕ ਕਰਨਾ ਸ਼ਾਮਲ ਹੋ ਸਕਦਾ ਹੈ ਜੇਕਰ ਸਾਡੀ ਨੀਤੀ ਬਦਲਦੀ ਹੈ। ਤੁਹਾਡੀ ਦੇਖਭਾਲ ਦੇ ਹਿੱਸੇ ਵਜੋਂ, ਅਸੀਂ ਸਕ੍ਰੀਨਿੰਗ ਜਾਂ ਬਾਅਦ ਦੀਆਂ ਜਾਂਚਾਂ ਅਤੇ ਇਲਾਜ ਵਿੱਚ ਸ਼ਾਮਲ NHS ਸਿਹਤ ਸੰਭਾਲ ਪੇਸ਼ੇਵਰਾਂ ਨੂੰ ਵੇਰਵੇ ਦੇ ਸਕਦੇ ਹਾਂ।

ਸਾਨੂੰ ਇੱਕ ਸੁਰੱਖਿਅਤ ਅਤੇ ਪ੍ਰਭਾਵੀ ਸਕ੍ਰੀਨਿੰਗ ਸੇਵਾ ਪ੍ਰਦਾਨ ਕਰਨ ਵਿੱਚ ਮਦਦ ਕਰਨ ਲਈ, ਅਸੀਂ ਤੁਹਾਡੇ ਬਾਰੇ ਅਤੇ ਸਕ੍ਰੀਨਿੰਗ ਕਲੀਨਿਕ ਵਿੱਚ ਤੁਹਾਡੀ ਵਿਜ਼ਿਟ ਬਾਰੇ ਜਾਣਕਾਰੀ ਸਾਡੇ ਕੰਪਿਊਟਰ ਸਿਸਟਮ (ਰਾਸ਼ਟਰੀ AAA ਸਕ੍ਰੀਨਿੰਗ ਸਿਸਟਮ) ਵਿੱਚ ਰਿਕਾਰਡ ਕਰਦੇ ਹਾਂ। ਇਸ ਜਾਣਕਾਰੀ ਵਿੱਚ ਤੁਹਾਡੀ ਸਿਹਤ ਬਾਰੇ ਸਵਾਲਾਂ ਦੇ ਤੁਹਾਡੇ ਜਵਾਬ, ਤੁਹਾਡੀ ਐਓਰਟਾ (ਮਹਾਂਧਮਣੀ) ਦੀਆਂ ਤਸਵੀਰਾਂ ਅਤੇ ਉਹ ਮਾਪ ਸ਼ਾਮਲ ਹੁੰਦੇ ਹਨ ਜੋ ਅਸੀਂ ਕਲੀਨਿਕ ਵਿੱਚ ਰਿਕਾਰਡ ਕਰਦੇ ਹਾਂ।

ਅਸੀਂ:

1. ਰਾਸ਼ਟਰੀ AAA ਸਕ੍ਰੀਨਿੰਗ ਸਿਸਟਮ 'ਤੇ ਤੁਹਾਡੇ ਬਾਰੇ ਅਤੇ ਸਕ੍ਰੀਨਿੰਗ ਕਲੀਨਿਕ ਵਿੱਚ ਤੁਹਾਡੀ ਵਿਜ਼ਿਟ ਬਾਰੇ ਜਾਣਕਾਰੀ ਸਟੋਰ ਕਰਾਂਗੇ ਅਤੇ ਰੱਖਾਂਗੇ ਅਤੇ ਇਸ ਜਾਣਕਾਰੀ ਦੀ ਵਰਤੋਂ ਸਾਨੂੰ ਸੁਰੱਖਿਅਤ ਅਤੇ ਪ੍ਰਭਾਵੀ ਸਕ੍ਰੀਨਿੰਗ ਪ੍ਰਦਾਨ ਕਰਨ ਵਿੱਚ ਮਦਦ ਕਰਨ ਲਈ ਕਰਾਂਗੇ।
2. ਜੇਕਰ ਤੁਹਾਨੂੰ AAA ਪਾਇਆ ਜਾਂਦਾ ਹੈ ਤਾਂ ਨੈਸ਼ਨਲ ਵੈਸਕੁਲਰ ਰਜਿਸਟਰੀ (NVR) ਰਾਹੀਂ ਤੁਹਾਡੀ ਨਿੱਜੀ ਜਾਣਕਾਰੀ ਇੱਕ ਵੈਸਕੁਲਰ ਸਰਜਨ ਨਾਲ ਸਾਂਝੀ ਕਰਾਂਗੇ। ਸਾਨੂੰ ਇਹ ਯਕੀਨੀ ਬਣਾਉਣ ਲਈ ਅਜਿਹਾ ਕਰਨ ਦੀ ਲੋੜ ਹੈ ਕਿ ਮਰਦਾਂ ਨੂੰ ਲੋੜ ਪੈਣ 'ਤੇ ਸਮੇਂ ਸਿਰ ਅਤੇ ਉੱਚ-ਗੁਣਵੱਤਾ ਵਾਲਾ ਇਲਾਜ ਮਿਲੇ।
3. ਪੁੱਛਾਂਗੇ ਕਿ ਕੀ ਤੁਸੀਂ ਸਾਨੂੰ ਖੋਜ ਦੇ ਉਦੇਸ਼ਾਂ ਲਈ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਰਨ ਦੀ ਇਜਾਜ਼ਤ ਦਿਓਗੇ।

ਜੇਕਰ ਤੁਸੀਂ ਸਕ੍ਰੀਨਿੰਗ ਦੀ ਇਸ ਪੇਸ਼ਕਸ਼ ਨੂੰ ਨਾ ਲੈਣ ਦੀ ਚੋਣ ਕਰਦੇ ਹੋ, ਤਾਂ ਅਸੀਂ ਇਹ ਦਰਸਾਉਣ ਲਈ ਇੱਕ ਰਿਕਾਰਡ ਰੱਖਾਂਗੇ ਕਿ ਅਸੀਂ ਤੁਹਾਡੇ ਨਾਲ ਸੰਪਰਕ ਕੀਤਾ ਹੈ, ਅਤੇ ਅਸੀਂ ਤੁਹਾਡੇ GP ਨੂੰ ਦੱਸ ਸਕਦੇ ਹਾਂ ਕਿ ਤੁਹਾਡੀ ਸਕ੍ਰੀਨਿੰਗ ਨਹੀਂ ਹੋਈ ਹੈ।

AAA ਸਕ੍ਰੀਨਿੰਗ ਬਾਰੇ ਹੋਰ ਜਾਣਕਾਰੀ ਲਈ NHS.UK ਦੇਖੋ: www.nhs.uk/aaa.

24 ਅਪ੍ਰੈਲ 2025 ਨੂੰ ਅੱਪਡੇਟ ਕੀਤਾ ਗਿਆ